www.prepp.in

Prepp
Your Personal Exams Guide

UPSC CSE 2017 MAINS PAPER A NOVEMBER 01, 2017 PUNJABI LANGUAGE QUESTION PAPER

# ਪੰਜਾਬੀ / PUNJABI
## ( ਲਾਜ਼ਮੀ ) / ( COMPULSORY )

| | |
|---|---|
| ਨਿਰਧਾਰਿਤ ਸਮਾਂ : ਤਿੰਨ ਘੰਟੇ<br>*Time Allowed : **Three** Hours* | ਕੁੱਲ ਅੰਕ : **300**<br>*Maximum Marks : **300*** |

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।

ਹਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।

ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ **ਪੰਜਾਬੀ (ਗੁਰਮੁਖੀ ਲਿਪੀ)** ਵਿੱਚ ਹੀ ਲਿਖੋ ।

ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ ਤਾਂ ਅੰਕ ਕੱਟੇ ਜਾ ਸਕਦੇ ਹਨ ।

ਉੱਤਰ-ਕਾਪੀ ਦੇ ਖਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in **PUNJABI (Gurumukhi script)** unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*

www.prepp.in

Prepp
Your Personal Exams Guide

**Q1. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** *100*

(a) ਲੋਕਤੰਤਰ ਵਿਚ ਨਿਆਂ ਪਾਲਿਕਾ ਦੀ ਭੂਮਿਕਾ

(b) ਵਾਤਾਵਰਣ ਅਤੇ ਆਤਮ ਨਿਰਭਰਤਾ

(c) ਵਿਸ਼ਵੀਕਰਨ ਵਿਚ ਭਾਸ਼ਾ ਦੀ ਭੂਮਿਕਾ

(d) ਭਾਰਤੀ ਅਰਥ ਵਿਵਸਥਾ ਅਤੇ ਉਸ ਦੀਆਂ ਚੁਣੌਤੀਆਂ

**Q2. ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਅਧਾਰ ਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਸਪਸ਼ਟ, ਸਹੀ ਤੇ ਸੰਖੇਪ ਭਾਸ਼ਾ ਵਿਚ ਦਿਉ :** *12×5=60*

ਸੰਸਾਰ ਦਾ ਧਿਆਨ ਗਾਂਧੀ ਜੀ ਵੱਲ ਇਸ ਲਈ ਖਿੱਚਿਆ ਗਿਆ ਕਿਉਂਕਿ ਉਨ੍ਹਾਂ ਨੇ ਪਸ਼ੂ ਬਲ ਦੇ ਸਾਹਮਣੇ ਆਤਮ ਬਲ ਨੂੰ ਹਥਿਆਰ ਬਣਾਇਆ, ਤੋਪਾਂ ਅਤੇ ਮਸ਼ੀਨਗੰਨਾਂ ਦਾ ਸਾਹਮਣਾ ਕਰਨ ਲਈ ਅਹਿੰਸਾ ਦਾ ਸਹਾਰਾ ਲਿਆ । ਪਰ ਸੋਚਣ ਦੀ ਗੱਲ ਇਹ ਹੈ ਕਿ ਉਨ੍ਹਾਂ ਨੇ ਅਹਿੰਸਾ ਦਾ ਸਹਾਰਾ ਕਿਉਂ ਲਿਆ ? ਕੀ ਇਸ ਲਈ ਕਿ ਉਹ ਅੰਗਰੇਜਾਂ ਦੇ ਵਿਰੁੱਧ ਹਿੰਸਾ ਦਾ ਸਹਾਰਾ ਲੈ ਕੇ ਭਾਰਤ ਨੂੰ ਅੰਗਰੇਜਾਂ ਕੋਲੋਂ ਸੁਤੰਤਰ ਨਹੀਂ ਕਰਵਾ ਸਕਦੇ ਸਨ ? ਜਾਂ ਇਸ ਲਈ ਕਿ ਉਹ ਮਾਨਵ ਸਮਾਜ ਨੂੰ ਇਹ ਸਿੱਖਿਆ ਦੇਣਾ ਚਾਹੁੰਦੇ ਸਨ ਕਿ ਜਦੋਂ ਤਕ ਮਨੁੱਖ ਪਸ਼ੂ ਬਿਰਤੀ ਵਾਲੇ ਸਾਧਨਾਂ ਦਾ ਪ੍ਰਯੋਗ ਕਰਨ ਲਈ ਮਜਬੂਰ ਹੈ ਤਦ ਤੱਕ ਉਹ ਪੂਰਾ ਮਨੁੱਖ ਅਖਵਾਉਣ ਦਾ ਅਧਿਕਾਰੀ ਨਹੀਂ ਹੋ ਸਕਦਾ । ਪਹਿਲੀ ਗੱਲ ਇਹ ਸਿੱਧ ਕਰਦੀ ਹੈ ਕਿ ਅਹਿੰਸਾ ਕਮਜ਼ੋਰ ਅਤੇ ਬੇਬੱਸ ਵਿਅਕਤੀ ਦਾ ਹਥਿਆਰ ਹੈ ਜਿਸ ਦਾ ਅਰਥ ਹੈ ਕਿ ਜਦੋਂ ਤਕ ਸਾਡੇ ਕੋਲ ਟੈਂਕ-ਤੋਪਾਂ ਨਹੀਂ ਹਨ ਤਾਂ ਫੇਰ ਸੱਤਿਆਗ੍ਰਹਿ ਹੀ ਸਹੀ । ਪਰ ਦੂਸਰੀ ਗੱਲ, ਅਹਿੰਸਾ ਮਨੁੱਖ ਲਈ ਵਿਕਾਸ ਦਾ ਸਾਧਨ ਬਣਾਉਂਦੀ ਹੈ, ਉਸ ਨੂੰ ਨਿਰਮਲ ਬਣਾਉਣ ਦਾ ਇਕ ਤਰੀਕਾ ਸਿੱਧ ਹੁੰਦੀ ਹੈ ।

www.prepp.in

Prepp Your Personal Exams Guide

ਇਹ ਗੱਲ ਸਹੀ ਹੈ ਕਿ ਜਦੋਂ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਭਾਰਤਵਾਸੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਆਜ਼ਾਦੀ ਲਈ ਲੜਾਈ ਲੜ ਰਹੇ ਸਨ, ਉਦੋਂ ਬਹੁਤਿਆਂ ਦੀ ਇਹ ਸਮਝ ਸੀ ਕਿ ਅਹਿੰਸਾ ਸਿਰਫ ਇਕ ਸਾਧਨ ਮਾਤਰ ਹੀ ਹੈ ਜਿਸ ਨੂੰ ਉਸ ਵੇਲੇ ਏਸ ਲਈ ਪ੍ਰਵਾਨ ਕਰ ਲਿਆ ਗਿਆ ਕਿਉਂਕਿ ਉਦੋਂ ਸਾਡੇ ਕੋਲ ਅੰਗਰੇਜਾਂ ਵਿਰੁੱਧ ਲੜਨ ਲਈ ਹਿੰਸਕ ਹਥਿਆਰਾਂ ਵਾਲੇ ਸਾਧਨ ਅਤੇ ਸਹੂਲਤਾਂ ਨਹੀਂ ਸਨ । ਪਰ ਗਾਂਧੀ ਜੀ ਇਸ ਵਿਚਾਰ ਨਾਲ ਆਪ ਸਹਿਮਤ ਨਹੀਂ ਸਨ । ਅਹਿੰਸਾ ਨੂੰ ਗੁਆ ਕੇ ਉਹ ਭਾਰਤ ਨੂੰ ਸੁਤੰਤਰ ਬਣਾਉਣ ਦੇ ਪੱਖ ਵਿਚ ਨਹੀਂ ਸਨ । ਭਾਰਤ ਨੂੰ ਆਜ਼ਾਦ ਕਰਵਾਉਣਾ ਅਪਣੇ ਆਪ ਵਿਚ ਬਹੁਤ ਵੱਡਾ ਨਿਸ਼ਾਨਾ ਸੀ ਪਰ ਉਸ ਤੋਂ ਵੀ ਵੱਡਾ ਨਿਸ਼ਾਨਾ ਮਾਨਵੀ ਸੁਭਾਅ ਵਿਚ ਪਰਿਵਰਤਨ ਲਿਆਉਣਾ ਸੀ । ਮਨੁੱਖ ਨੂੰ ਇਹ ਵਿਸ਼ਵਾਸ ਦਿਵਾਉਣਾ ਸੀ ਕਿ ਕਿਹੜੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਹ ਪਾਸ਼ਵਿਕ ਸਾਧਨਾਂ ਦਾ ਸਹਾਰਾ ਲੈਂਦਾ ਹੈ, ਉਹੀ ਉਦੇਸ਼ਾਂ ਦੀ ਪੂਰਤੀ ਮਾਨਵੀ ਕਦਰਾਂ ਕੀਮਤਾਂ ਦੁਆਰਾ ਵੀ ਕੀਤੀ ਜਾ ਸਕਦੀ ਹੈ ।

ਗਾਂਧੀ ਜੀ ਦਾ ਮੁੱਖ ਮਕਸਦ ਅਪਣੇ ਦੇਸ਼ ਵਾਸੀਆਂ ਦੇ ਦੁੱਖ-ਦਰਦਾਂ ਨੂੰ ਦੂਰ ਕਰਨਾ ਹੀ ਨਹੀਂ ਸੀ ਸਗੋਂ ਉਹ ਮਨੁੱਖ ਅੰਦਰਲੀ ਪਸ਼ੂ ਬਿਰਤੀ ਨੂੰ ਕੰਟਰੋਲ ਕਰਨਾ ਚਾਹੁੰਦੇ ਸਨ । ਨਫ਼ਰਤ, ਗੁੱਸਾ ਅਤੇ ਅੰਨ੍ਹਾ ਵੇਗ ਪਸ਼ੂਆਂ ਵਿਚ ਹੁੰਦੇ ਹਨ । ਉਹ ਅਪਣੇ ਵਿਰੋਧੀਆਂ ਨਾਲ ਇਨ੍ਹਾਂ ਬਿਰਤੀਆਂ ਦੁਆਰਾ ਟੱਕਰਦੇ ਹਨ । ਪਰ ਮਨੁੱਖ ਪਸ਼ੂਆਂ ਨਾਲੋਂ ਵੱਖਰਾ ਹੈ । ਇਸ ਕਰ ਕੇ ਮਨੁੱਖ ਲਈ ਚੰਗਾ ਇਹੋ ਹੈ ਕਿ ਉਹ ਆਪਣੀਆਂ ਪਸ਼ੂ-ਪ੍ਰਵਿਰਤੀਆਂ ਨੂੰ ਕਾਬੂ ਵਿਚ ਰੱਖੇ ਅਤੇ ਆਪਣੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮਨੁੱਖਾਂ ਵਾਲੇ ਉਹ ਸਾਰੇ ਸਾਧਨਾਂ ਦੀ ਵਰਤੋਂ ਕਰੇ ਜਿਹੜੇ ਪਸ਼ੂਆਂ ਨੂੰ ਉਪਲਬਧ ਨਹੀਂ ਹਨ । ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਗਾਂਧੀ ਜੀ ਨੇ ਅਜਿਹਾ ਨਿਰਨਾ ਕਿਉਂ ਲਿਆ ? ਅਹਿੰਸਾ ਦੀ ਅਜੇਹੀ ਵਰਤੋਂ ਭਾਰਤ ਵਿਚ ਹੀ ਕਿਉਂ ਸ਼ੁਰੂ ਹੋਈ ? ਕਿਸੇ ਹੋਰ ਦੇਸ਼ ਵਿਚ ਕਿਉਂ ਨਹੀਂ ਹੋਈ ? ਕਈ ਲੋਕ ਇਸ ਸਵਾਲ ਦੇ ਜਵਾਬ ਵਿਚ ਕਹਿਣਗੇ ਕਿ ਇਹ ਅਚਾਨਕ ਹੀ ਹੋ ਗਿਆ ਸੀ ਪਰ ਅਜੇਹਾ ਅਚਾਨਕ ਨਹੀਂ ਸੀ ਹੋਇਆ । ਕਿਹਾ ਜਾਂਦਾ ਹੈ ਕਿ ਸੱਤਿਆਗ੍ਰਹਿ ਜਾਂ ਨਿਮਰਤਾ ਭਰੀ ਅਵੱਗਿਆ ਦੀ ਕਲਪਨਾ ਅਮਰੀਕਾ ਦੇ

www.prepp.in

ਨਾਮਵਰ ਚਿੰਤਕ ਥੁਰੋ ਨੇ ਵੀ ਕੀਤੀ ਸੀ । ਇਸ ਦੀ ਥੋੜੀ ਬਹੁਤੀ ਝਲਕ ਰੂਸ ਦੇ ਸੰਤ-ਸਾਹਿਤਕਾਰ ਟਾਲਸਟਾਏ ਵਿੱਚ ਵੀ ਮਿਲ ਜਾਂਦੀ ਹੈ । ਗਾਂਧੀ ਜੀ ਥੁਰੋ ਅਤੇ ਟਾਲਸਟਾਏ ਦੋਵਾਂ ਦੇ ਵਿਚਾਰਾਂ ਪਰੀਚਿਤ ਸਨ । ਇੱਥੇ ਭਾਰਤ ਵਿਚ ਵੀ, ਗਾਂਧੀ ਜੀ ਤੋਂ ਪਹਿਲਾਂ, ਅਰਬਿੰਦੋ ਨੇ ਸਿਵਲ ਨਾਫੁਆਨੀ ਅਤੇ ਅੰਗਰੇਜ਼ਾਂ ਨਾਲ ਨਾ-ਮਿਲਵਰਤਣ ਦਾ ਵਿਚਾਰ ਦੇ ਦਿੱਤਾ ਸੀ । ਪਰ ਫੇਰ ਵੀ ਮਹੱਤਵਪੂਰਨ ਸਵਾਲ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਸਭ ਤੋਂ ਪਹਿਲਾਂ ਭਾਰਤ ਵਿਚ ਹੀ ਕਿਉਂ ਲਾਗੂ ਕੀਤਾ ਗਿਆ ।

ਇਸ ਦਾ ਉੱਤਰ ਬੜਾ ਸਪਸ਼ਟ ਹੈ ਕਿ ਆਤਮ ਬਲ ਸਰੀਰਕ ਬਲ ਨਾਲੋਂ ਉੱਤਮ ਹੁੰਦਾ ਹੈ । ਇਸ ਸਚਾਈ ਨੂੰ ਜਿੰਨਾ ਭਾਰਤਵਾਸੀ ਸਮਝਦੇ ਸਨ ਉਨਾ ਕਿਸੇ ਹੋਰ ਦੇਸ਼ ਦੇ ਲੋਕ ਨਹੀਂ ਸਮਝਦੇ ਸਨ ਜਦੋਂ ਕਿ ਥੁਰੋ, ਟਾਲਸਟਾਏ, ਐਮਰਸਨ ਜਾਂ ਰੋਮਾਂ ਰੋਲਾਂ ਵਿਚ ਇਸ ਪ੍ਰਕਾਰ ਦੀ ਕੋਈ ਭਾਵਨਾ ਜਾਗੀ ਤਾਂ ਉਸ ਦੇ ਪਿੱਛੇ ਭਾਰਤੀ ਦਰਸ਼ਨ ਦੀ ਪਰੇਰਨਾ ਕੰਮ ਕਰ ਰਹੀ ਸੀ । ਨਿਮਰਤਾ ਸਹਿਤ ਅਵੱਗਿਆ ਤਕ ਚਲੇ ਜਾਣ ਦੀ ਸੋਚ ਇਸ ਦੇਸ਼ ਵਿਚ ਮੌਜੂਦ ਸੀ । ਅਜੇਹੀ ਕਲਪਨਾ ਤਕ ਉਹੀ ਵਿਅਕਤੀ ਜਾ ਸਕਦਾ ਸੀ ਜੋ ਜਾਂ ਤਾਂ ਭਾਰਤੀ ਵਿਚਾਰਧਾਰਾ ਤੋਂ ਪ੍ਰਭਾਵਤ ਹੋਵੇ ਜਾਂ ਸੁਭਾਵਕ ਹੀ ਉਹ ਇਸ ਵਿਚਾਰ ਪ੍ਰਣਾਲੀ ਨਾਲ ਜੁੜ ਗਿਆ ਹੋਵੇ ਜੋ ਸੁਭਾਅ ਵਲੋਂ ਪਹਿਲਾਂ ਹੀ ਭਾਰਤੀ ਸੀ । ਥੁਰੋ ਅਤੇ ਟਾਲਸਟਾਏ ਦੇ ਸੰਬੰਧ ਵਿਚ ਦੋਵੇਂ ਹੀ ਵਿਕਲਪ ਜਾਂ ਬਦਲ ਸੰਭਵ ਰਹੇ ਹੋਣਗੇ । ਰਹਿ ਗਏ ਅਰਬਿੰਦੋ ਜੀ ਉਹ ਤਾਂ ਸਨ ਹੀ ਭਾਰਤੀ ।

(a) ਸੰਸਾਰ ਦਾ ਧਿਆਨ ਗਾਂਧੀ ਜੀ ਵੱਲ ਕਿਉਂ ਖਿੱਚਿਆ ਗਿਆ ? *12*

(b) ਸੁਤੰਤਰਤਾ ਪ੍ਰਾਪਤੀ ਲਈ ਗਾਂਧੀ ਜੀ ਦੁਆਰਾ ਅਹਿੰਸਾ ਨੂੰ ਹੀ ਕਿਉਂ ਮੁੱਖ ਸਾਧਨ ਮੰਨਿਆ ਗਿਆ ? *12*

(c) ਲੇਖਕ ਨੇ ਮਨੁੱਖ ਅਤੇ ਪਸ਼ੂ ਵਿਚ ਕਿਹੜਾ ਅੰਤਰ ਦੱਸਿਆ ਹੈ ? *12*

(d) ਅਹਿੰਸਾ ਦਾ ਪ੍ਰਯੋਗ ਭਾਰਤ ਵਿਚ ਹੀ ਕਿਉਂ ਆਰੰਭ ਹੋਇਆ ? *12*

(e) ਨਿਮਰਤਾ ਭਰੀ ਅਵੱਗਿਆ ਦੇ ਵਿਚਾਰ ਤੱਕ ਕੌਣ ਜਾ ਸਕਦਾ ਸੀ ? *12*

www.prepp.in

Prepp
Your Personal Exams Guide

**Q3. ਹੇਠ ਲਿਖੇ ਵਾਰਤਕ-ਟੋਟੇ ਦਾ ਸਾਰ ਇਕ ਤਿਹਾਈ ਸ਼ਬਦਾਂ ਵਿਚ ਲਿਖੋ । ਸਿਰਲੇਖ ਦੇਣ ਦੀ ਜਰੂਰਤ ਨਹੀਂ ਹੈ । ਸੰਖੇਪ ਸਾਰ ਨੂੰ ਅਪਣੇ ਸ਼ਬਦਾਂ ਵਿਚ ਲਿਖੋ :** ***60***

ਅੱਜ ਦੇ ਮਨੁੱਖ ਨੂੰ ਇਤਿਹਾਸ ਅਤੇ ਸਮੇਂ ਦੇ ਨੇਮਾਂ-ਕਾਨੂੰਨਾਂ ਦਾ ਜਿੰਨਾ ਗਿਆਨ ਪ੍ਰਾਪਤ ਹੈ ਉਹ ਇਸ ਤੋਂ ਪਹਿਲਾਂ ਦੇ ਯੁੱਗ ਦੇ ਮਨੁੱਖ ਨੂੰ ਪ੍ਰਾਪਤ ਨਹੀਂ ਸੀ । ਅਸਲੀ ਅਰਥਾਂ ਵਿਚ ਉਹ 'ਇਤਿਹਾਸਕ ਮਨੁੱਖ' ਹੈ । ਇਕ ਤਰ੍ਹਾਂ ਨਾਲ ਇਤਿਹਾਸ-ਬੋਧ ਨੂੰ ਹੀ ਆਧੁਨਿਕਤਾ ਦਾ ਸਮਾਨਅਰਥੀ ਸਮਝ ਲਿਆ ਗਿਆ ਹੈ । ਮੱਧਕਾਲੀਨ ਸੰਸਕ੍ਰਿਤੀ ਵਿਚ ਧਰਮ ਦਾ ਜੋ ਕੇਂਦਰੀ ਸਥਾਨ ਸੀ ਉਹ ਸਥਾਨ ਹੌਲੀ ਹੌਲੀ ਇਤਿਹਾਸ ਨੂੰ ਮਿਲਦਾ ਗਿਆ ਹੈ । ਕੋਈ ਵਿਅਕਤੀ ਸਿਰਫ਼ ਅਪਣੇ ਪ੍ਰਕਿਰਤ ਆਲੇ ਦੁਆਲੇ ਵਿਚ ਹੀ ਨਹੀਂ ਰਹਿੰਦਾ ਸਗੋਂ ਉਹ ਇਤਿਹਾਸ ਦੇ ਸੰਦਰਭ ਵਿਚ ਜਿਉਂਦਾ ਹੈ । ਇਸ ਪ੍ਰਸੰਗ ਵਿਚ ਹਰ ਘਟਨਾ ਪਿਛਲੀ ਘਟਨਾ ਦੇ ਟਾਕਰੇ ਨਵੀਂ ਹੁੰਦੀ ਹੈ ਕਿਉਂਕਿ ਜੋ ਅੱਜ ਵਾਪਰ ਰਿਹਾ ਹੈ ਉਹ ਪਹਿਲਾਂ ਕਦੇ ਨਹੀਂ ਹੋਇਆ । ਮਨੁੱਖ ਦੇ ਇਸ ਕ੍ਰਮਕ ਵਿਕਾਸ ਦੇ ਬੋਧ ਤੋਂ ਪ੍ਰਾਚੀਨ ਯੂਨਾਨ ਵਾਲੇ ਵੀ ਅਣਜਾਣ ਸਨ । ਉਨ੍ਹਾਂ ਲਈ ਇਹ ਅਜੀਬ ਅਤੇ ਓਪਰਾ ਸੀ । ਇਹ ਭਾਰਤੀ ਬੁੱਧੀਮਾਨਾਂ ਲਈ ਵੀ ਉਤਨਾ ਹੀ ਅਜਨਬੀ ਸੀ । ਉਹ ਸਮੇਂ ਨੂੰ ਵਿਕਾਸ ਦੇ ਰੂਪ ਵਿਚ ਨਹੀਂ 'ਚੱਕਰ' ਦੇ ਰੂਪ ਵਿਚ ਵੇਖਦੇ ਸਨ । ਪਹਿਲਾਂ 'ਪਰੰਪਰਾ' ਮਨੁੱਖ ਦੇ ਅੰਦਰ ਸੀ ਜੋ ਉਸ ਦੀ ਜੀਵਨ-ਸ਼ੈਲੀ ਨੂੰ ਅਨੁਸ਼ਾਸ਼ਤ ਕਰਦੀ ਸੀ । ਹੁਣ ਇਤਿਹਾਸ ਮਨੁੱਖ ਦੇ ਭਵਿੱਖ ਨੂੰ ਨਿਰਧਾਰਤ ਕਰਦਾ ਹੈ ਅਤੇ ਪਰੰਪਰਾ ਨੂੰ ਖੋਜਣ ਲਈ ਉਸ ਨੂੰ ਪਿੱਛੇ ਵਲ ਝਾਕਣਾ ਪੈਂਦਾ ਹੈ ।

ਪਰ ਇਹ ਗੱਲ ਸੱਚ ਹੈ ਕਿ ਇਤਿਹਾਸ ਦਾ ਜੋ ਪ੍ਰਭੁਤਵ ਅੱਜ ਸਾਡੇ ਜੀਵਨ ਵਿਚ ਹੈ ਉਹ ਪਹਿਲਾਂ ਕਦੇ ਨਹੀਂ ਸੀ । ਪਰ ਇਸ ਦੇ ਨਾਲ ਹੀ ਇਹ ਗੱਲ ਵੀ ਸੱਚ ਹੈ ਕਿ ਅੱਜ ਮਨੁੱਖ ਇਤਿਹਾਸ ਅਤੇ ਸਮੇਂ ਤੋਂ ਪਰੇਸ਼ਾਨ ਹੈ । ਉਨੀਂਵੀਂ ਸਦੀ ਵਿਚ ਸਰਵ ਵਿਆਪਕ ਸੱਤਾ ਸੰਪੰਨ ਇਤਿਹਾਸ-ਬੋਧ ਜੋ

www.prepp.in

ਮਨੁੱਖ ਦੀ ਪ੍ਰਗਤੀ ਅਤੇ ਮੁਕਤੀ ਦਾ ਸੰਦੇਸ਼ ਲੈ ਕੇ ਆਇਆ ਸੀ ਉਹ ਸਾਡੇ ਸਮੇਂ ਤਕ ਆਉਂਦੇ ਆਉਂਦੇ ਇਕ ਕੋਝੇ ਮਜ਼ਾਕ ਦੇ ਰੂਪ ਵਿਚ ਬਦਲਦਾ ਵਿਖਾਈ ਦੇ ਰਿਹਾ ਹੈ । ਭਵਿੱਖ ਨੂੰ ਨਿਰਧਾਰਤ ਕਰਨ ਵਾਲੇ ਨੇਮ-ਕਾਨੂੰਨ ਅਤੇ ਫਾਰਮੂਲੇ ਅਜੇ ਵੀ ਹਨ ਪਰ ਉਨ੍ਹਾਂ ਉਤੇ ਵੀਹਵੀਂ ਸਦੀ ਦੇ ਅੱਤਿਆਚਾਰਾਂ ਦਾ ਅਤੇ ਮੋਹ-ਭੰਗਤਾ ਦਾ ਇੰਨਾ ਗਹਿਰਾ ਪ੍ਰਭਾਵ ਹੈ ਕਿ ਉਹ ਭਵਿੱਖ ਦੇ ਬੰਦ ਕਮਰਿਆਂ ਵਿਚ ਫਿੱਟ ਨਹੀਂ ਹੁੰਦੇ ਹਨ । ਕਿਹੋ ਜਿਹਾ ਹੈ ਇਹ ਵਿਗਿਆਨਕ, ਤਾਕਸ਼ੀਲ, ਗੌਰਵਮਈ ਅਰਥ-ਬੋਧ ਜਿਸ ਨੇ ਮਨੁੱਖ ਨੂੰ ਉਸਦੇ ਅਪਣੇ ਹੀ ਭਵਿੱਖ ਪ੍ਰਤੀ ਅਸੁਰੱਖਿਅਤ, ਅਤੰਕਤ ਅਤੇ ਸੰਦੇਹ ਪੂਰਨ ਬਣਾ ਕੇ ਰੱਖ ਦਿੱਤਾ ਹੈ ।

ਇਹ ਨਹੀਂ ਕਿ ਅਸੀਂ ਅਪਣੇ ਭਵਿੱਖ ਬਾਰੇ ਜਾਣਦੇ ਨਹੀਂ ਹਾਂ । ਅੱਜ ਦੇ ਆਧੁਨਿਕ ਮਨੁੱਖ ਨੇ ਅਪਣੇ ਇਤਿਹਾਸ-ਬੋਧ ਤੋਂ ਪਰੇਰਤ ਹੋ ਕੇ, ਅਪਣੇ ਭਵਿੱਖ ਬਾਰੇ ਜੋ ਪਰਿਕਲਪਨਾ ਕੀਤੀ ਹੈ ਅਤੇ ਸੰਭਾਵਨਾ ਖੋਜੀ ਹੈ, ਉਸ ਦੇ ਆਧਾਰ ਉਤੇ ਭਵਿੱਖ ਦੀ ਸੰਪੂਰਨ ਤਸਵੀਰ ਉਲੀਕੀ ਜਾ ਸਕਦੀ ਹੈ । ਪਰ ਇਸ ਭਵਿੱਖ ਦਾ ਵਰਤਮਾਨ ਸਮੇਂ ਦੇ ਭਿਆਨਕ ਡਰਾਂ ਨਾਲ ਕੋਈ ਸੰਬੰਧ ਨਹੀਂ । ਬਲਕਿ ਇਹ ਕਹੀਏ ਕਿ ਵਰਤਮਾਨ ਦੇ ਭਿਆਨਕ ਡਰਾਂ ਤੋਂ ਬਚਣ ਲਈ ਇਸ 'ਇਤਿਹਾਸਕ ਭਵਿੱਖ' ਦਾ ਨਿਰਮਾਣ ਕੀਤਾ ਗਿਆ ਹੈ — ਉਹ ਚਾਹੇ ਵਰਗਹੀਣ ਜਾਂ ਜਮਾਤ ਰਹਿਤ ਸਮਾਜ ਦਾ ਸੁਪਨਾ ਹੋਵੇ ਜਾਂ ਕੰਪਿਊਟਰ ਨਿਰਮਿਤ 'ਰੋਬੋ' ਦਾ ਮਕਾਨਕੀ ਸੰਸਾਰ ਹੋਵੇ — ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ । ਅਸੀਂ ਵਾਸਤਵਿਕ ਸਮੇਂ ਵਿਚ ਨਹੀਂ, ਇਕ ਕਾਲਪਨਿਕ ਸਮੇਂ ਵਿਚ ਜਿਉਂ ਰਹੇ ਹਾਂ ਅਤੇ ਵਚਿੱਤਰ ਗੱਲ ਇਹ ਹੈ ਕਿ ਇਸ ਵਿਚ ਮਨੁੱਖ ਦੀ ਮੌਤ ਨੂੰ ਦੇਸ਼ ਨਿਕਾਲ਼ਾ ਦੇ ਦਿੱਤਾ ਗਿਆ ਹੈ ਕਿਉਂਕਿ ਅਸੀਂ ਆਪ ਹੀ ਅਪਣੀ ਮੌਤ ਤੋਂ ਭੈਭੀਤ ਹੋ ਕੇ ਅਪਣੇ ਭਵਿੱਖਲੋਕ ਵਿਚ ਸ਼ਰਨ ਲੈ ਲਈ ਹੈ ।

www.prepp.in

Prepp
Your Personal Exams Guide

ਇਹ ਆਧੁਨਿਕ ਯੁਗ ਦੀ ਵਚਿੱਤਰ ਵਿਡੰਬਨਾ ਹੀ ਮੰਨੀ ਜਾਵੇਗੀ ਕਿ ਇਕ ਪਾਸੇ ਅਸੀਂ ਮਨੁੱਖ ਦੇ 'ਇਤਿਹਾਸ-ਬੋਧ' ਤੋਂ ਭੈਭੀਤ ਹਾਂ, ਦੂਜੇ ਪਾਸੇ ਮਰ ਚੁੱਕੇ ਅਤੀਤ ਅਤੇ ਕਾਲਪਨਿਕ ਭਵਿੱਖ ਦੇ ਵਿਚਕਾਰ ਇਤਿਹਾਸ ਦੀ ਅਪਣੀ ਹੀ ਜੀਵਨ-ਧਾਰਾ ਮੁੱਕ-ਮੁੱਕ ਗਈ ਹੈ । ਜਿਸ ਤਰ੍ਹਾਂ ਨਦੀ ਵਿਚ ਡੁੱਬ ਰਿਹਾ ਬੰਦਾ ਪਾਣੀ ਨਾਲ ਰਿਸ਼ਤਾ ਨਹੀਂ ਜੋੜ ਸਕਦਾ ਉਸੇ ਤਰ੍ਹਾਂ ਇਤਿਹਾਸ ਵਿਚ ਡੁੱਬਿਆ ਮਨੁੱਖ ਸਮੇਂ ਦੇ ਰਹੱਸ ਨੂੰ, ਭੇਤ ਨੂੰ ਨਹੀਂ ਸਮਝ ਸਕਦਾ । ਉਹ ਇਤਿਹਾਸ ਤੋਂ ਪ੍ਰਭਾਵਤ ਹੋ ਸਕਦਾ ਹੈ ਪਰ ਉਹ ਅਪਣੇ ਜੀਵਨ ਅਤੇ ਮੌਤ ਦਾ ਗਵਾਹ ਨਹੀਂ ਬਣ ਸਕਦਾ; ਉਹ ਇਤਿਹਾਸ ਜੋ ਇਸ ਧਰਤੀ ਦਾ ਜਾਂ ਮਨੁੱਖ ਦਾ ਗਵਾਹ ਨਾ ਬਣ ਸਕੇ, ਉਸ ਦਾ ਕੀ ਅਰਥ ਰਹਿ ਜਾਂਦਾ ਹੈ । ਇਹੀ ਕਾਰਨ ਹੈ ਕਿ ਅੱਜ ਇਤਿਹਾਸ-ਬੋਧ ਆਧੁਨਿਕ ਮਨੁੱਖ ਦਾ ਅੰਧ-ਵਿਸ਼ਵਾਸ ਬਣ ਕੇ ਰਹਿ ਗਿਆ ਹੈ ਜਿਸ ਕੋਲ ਉਹ ਭਵਿੱਖ ਦਾ ਅਰਥ ਖੋਜਣ ਨਹੀਂ ਜਾਂਦਾ ਸਗੋਂ ਭਵਿੱਖ ਤੋਂ ਛੁਟਕਾਰਾ ਪਾਉਣ ਜਾਂਦਾ ਹੈ ।

ਪਰ ਕੀ ਅਸੀਂ ਵਰਤਮਾਨ ਤੋਂ ਛੁਟਕਾਰਾ ਪਾ ਸਕਦੇ ਹਾਂ ? ਕੀ ਵਰਤਮਾਨ ਅਜੇਹਾ ਕੇਂਦਰ ਬਿੰਦੂ ਨਹੀਂ ਹੈ ਜਿਥੇ ਮਨੁੱਖ ਅਪਣੀ ਨਾਸ਼ਵਾਨਤਾ ਦੇ ਬਾਵਜੂਦ ਇਤਿਹਾਸ ਵਿਚ ਅਪਣੀ ਸੰਪੂਰਨ ਸਥਿਤੀ ਨੂੰ ਸਮਝਣ ਦੇ ਯੋਗ ਹੈ । ਇਥੇ ਇਕ ਪਾਸੇ ਮਨੁੱਖ ਨਾਸ਼ਵਾਨ ਹੈ ਅਤੇ ਦੂਜੇ ਪਾਸੇ ਉਹ ਇਤਿਹਾਸ ਵਿਚ ਜੀਵਤ ਹੈ । ਉਸ ਦੀ ਹੋਣੀ ਜਾਂ ਕਿਸਮਤ ਉਸ ਦੇ ਵਿਅਕਤੀਗਤ ਅਤੀਤ ਉਤੇ ਆਧਾਰਤ ਹੈ ਪਰ ਫੇਰ ਵੀ ਉਹ ਮਨੁੱਖ ਦੇ ਸਮੁੱਚੇ ਭਵਿੱਖ ਨੂੰ ਰੌਸ਼ਨ ਕਰਦੀ ਹੈ ਜਿਸ ਨਾਲ ਦੂਜੇ ਲੋਕਾਂ ਦੀ ਹੋਣੀ ਵੀ ਜੁੜੀ ਹੋਈ ਹੈ ।

(717 ਸ਼ਬਦ)

www.prepp.in

Prepp
Your Personal Exams Guide

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੋ :** **20**

ਵਰਤਮਾਨ ਯੁੱਗ ਸੂਚਨਾ ਅਤੇ ਤਕਨਾਲੋਜੀ ਦਾ ਹੈ । ਵਿਗਿਆਨ ਦੇ ਖੇਤਰ ਵਿਚ ਹੋ ਰਹੀਆਂ ਨਵੀਆਂ ਕਾਢਾਂ ਨੇ ਮਾਨਵ ਜਾਤੀ ਨੂੰ ਜਿਨ੍ਹਾਂ ਹੈਰਾਨੀਜਨਕ ਪ੍ਰਾਪਤੀਆਂ ਨਾਲ ਅਮੀਰ ਬਣਾਇਆ ਹੈ ਉਨ੍ਹਾਂ ਵਿਚ ਸੂਚਨਾ ਤਕਨੀਕ ਪ੍ਰਮੁੱਖ ਹੈ । ਵਿਸ਼ਵ ਦੇ ਕਿਸੇ ਵੀ ਕੋਨੇ ਵਿਚ ਬੈਠ ਕੇ ਅੱਜ ਅਸੀਂ ਇਨ੍ਹਾਂ ਵਿਗਿਆਨਕ ਉਪਕਰਨਾਂ ਦੀ ਮਦਦ ਨਾਲ ਕਿਧਰੋਂ ਵੀ, ਕੋਈ ਵੀ ਸੂਚਨਾ ਪ੍ਰਾਪਤ ਕਰ ਸਕਦੇ ਹਾਂ । ਸੂਚਨਾ ਪ੍ਰਣਾਲੀ ਦੀ ਇਸ ਸਹੂਲਤ ਨੇ ਦੇਸਾਂ ਵਿਚਲੀਆਂ ਦੂਰੀਆਂ ਘਟਾ ਦਿੱਤੀਆਂ ਹਨ । ਅੱਜ ਲਗਦਾ ਹੈ ਕਿ ਸੰਪੂਰਨ ਸੰਸਾਰ ਸਿਮਟ ਕੇ ਸਾਡੀ ਮੁੱਠੀ ਵਿਚ ਆ ਗਿਆ ਹੈ । ਵਿਗਿਆਨਕ ਪ੍ਰਗਤੀ ਦੇ ਇਸ ਯੁਗ ਵਿਚ 'ਵਿਸ਼ਵੀਕਰਨ' ਅਤੇ 'ਸਾਰੀ ਪ੍ਰਿਥਵੀ ਪਰਿਵਾਰ ਹੈ' ਵਾਲੀ ਧਾਰਨਾ ਤੇਜੀ ਨਾਲ ਵਧ ਫੁੱਲ ਰਹੀ ਪ੍ਰਤੀਤ ਹੁੰਦੀ ਹੈ ।

ਅਸੀਂ ਅੱਜ ਉਸ ਯੁੱਗ ਨੂੰ ਯਾਦ ਕਰੀਏ ਜਦੋਂ ਡਾਕ ਭੇਜਣ ਦੀ ਕੋਈ ਸਹੂਲਤ ਉਪਲਬਧ ਨਹੀਂ ਹੁੰਦੀ ਸੀ । ਸੂਚਨਾਵਾਂ ਦਾ ਆਦਾਨ ਪ੍ਰਦਾਨ ਸੰਦੇਸ਼-ਵਾਹਕਾਂ ਦੁਆਰਾ ਹੁੰਦਾ ਸੀ । ਇਸ ਕੰਮ ਵਿਚ ਬਹੁਤ ਲੰਮਾ ਸਮਾਂ ਲਗਦਾ ਸੀ । ਉਸ ਸਮੇਂ ਤਕ ਜੀਵਨ ਕਿੰਨਾ ਕਠਿਨ ਰਿਹਾ ਹੋਵੇਗਾ, ਇਸ ਦਾ ਸਹਿਜੇ ਅਨੁਮਾਨ ਲਾਉਣਾ ਅੱਜ ਆਸਾਨ ਨਹੀਂ ਹੈ । ਸਮੇਂ ਨੇ ਕਰਵਟ ਬਦਲੀ ਹੈ ਅਤੇ ਸੂਚਨਾਵਾਂ ਦੇ ਖੇਤਰ ਵਿਚ ਨਿੱਤ ਨਵੇਂ ਪ੍ਰਯੋਗ ਹੋਣ ਲੱਗੇ ਹਨ । ਡਾਕ-ਤਾਰ, ਟੈਲੀਫੋਨ, ਟੈਲੀਗ੍ਰਾਮ ਆਦਿ ਦੀ ਵਿਵਸਥਾ ਕੀਤੀ ਗਈ ਹੈ । ਪੱਤਰਾਂ ਦੁਆਰਾ ਸੰਦੇਸ਼ ਪਹੁੰਚਣ ਲੱਗੇ ਹਨ । ਜੀਵਨ ਵਿਚ ਗਤੀ ਆ ਗਈ ਹੈ । ਰੇਡੀਉ ਅਤੇ ਟੈਲੀਵਿਜ਼ਨ ਨੇ ਇਸ ਦਿਸ਼ਾ ਵਿਚ ਕਦਮ ਵਧਾਏ ਹਨ । ਕੰਪਿਊਟਰ ਦੇ ਆਉਣ ਨਾਲ ਸੂਚਨਾ ਜਗਤ ਵਿਚ ਕ੍ਰਾਂਤੀ ਦਾ ਆਰੰਭ ਹੋ ਗਿਆ ਹੈ । ਇੰਟਰਨੈੱਟ ਦੇ ਵਿਕਾਸ ਤੋਂ ਬਾਅਦ ਸਾਰੇ ਕੰਪਿਊਟਰ ਆਪਸ ਵਿਚ ਜੁੜ ਗਏ ਹਨ ਅਤੇ ਸੂਚਨਾ ਨੂੰ ਤੇਜੀ ਨਾਲ ਭੇਜਣ ਵਿਚ ਹੋਰ ਵੀ ਆਸਾਨੀ ਹੋ ਗਈ ਹੈ । ਸੂਚਨਾ ਜਗਤ ਵਿਚ ਨਵੇਂ, ਨਵੇਂ ਪਰਿਵਰਤਨ ਆ

www.prepp.in

Prepp
Your Personal Exams Guide

ਰਹੇ ਹਨ ਅਤੇ ਨਵੀਂ ਤੋਂ ਨਵੀਂ ਜਾਣਕਾਰੀ ਤੁਰੰਤ ਮਿਲ ਜਾਂਦੀ ਹੈ । ਅੱਜ ਮਨੁੱਖ ਅਪਣੇ ਕਿਸੇ ਵੀ ਉਤਪਾਦ ਦਾ ਵਿਗਿਆਪਨ ਸਾਰੇ ਸੰਸਾਰ ਵਿਚ ਕਿਧਰੇ ਵੀ ਕਰ ਸਕਦਾ ਹੈ । ਉਹ ਪਰੰਪਰਕ ਹਥਿਆਰਾਂ ਨਾਲ ਲੜਨ ਤੋਂ ਬਗੈਰ ਯੁੱਧ ਕਰ ਸਕਦਾ ਹੈ । ਲਗਪਗ ਸਾਰੇ ਘਰਾਂ ਵਿਚ ਅਤੇ ਦਫਤਰਾਂ ਵਿਚ ਅੱਜ ਕੰਪਿਊਟਰ ਅਤੇ ਇੰਟਰਨੈੱਟ ਦੀ ਸਹੂਲਤ ਉਪਲਬਧ ਹੈ ਜਿਸ ਦੀ ਸਹਾਇਤਾ ਨਾਲ ਹਵਾਈ ਜਹਾਜ, ਰੇਲ, ਬੱਸ, ਸਿਨੇਮਾ ਆਦਿ ਦੀ ਟਿਕਟ ਬੁੱਕ ਕਰ ਸਕਦੇ ਹਾਂ । ਰਿਜਰਵੇਸ਼ਨ ਦੀ ਸਥਿਤੀ ਦੀ ਜਾਣਕਾਰੀ ਲਈ ਜਾ ਸਕਦੀ ਹੈ । ਸੜਕੀ ਆਵਾਜਾਈ ਦੀ ਸਥਿਤੀ ਦਾ ਪਤਾ ਲਗਾਇਆ ਜਾ ਸਕਦਾ ਹੈ । ਅੱਜ ਮੋਬਾਇਲ ਉਤੇ ਇੰਟਰਨੈੱਟ ਰਾਹੀਂ ਸਭ ਕੁਝ ਘਰ ਬੈਠੇ ਪ੍ਰਾਪਤ ਕੀਤਾ ਜਾ ਸਕਦਾ ਹੈ । ਸੱਚਮੁਚ ਇਹ ਸੂਚਨਾ ਅਤੇ ਸੰਚਾਰ ਦਾ ਸਭ ਤੋਂ ਸਸਤਾ ਸਾਧਨ ਹੈ ।

**Q5. ਹੇਠ ਲਿਖੇ ਵਾਰਤਕ-ਅੰਸ਼ ਦਾ ਪੰਜਾਬੀ ਵਿਚ ਅਨੁਵਾਦ ਕਰੋ :** *20*

Democracy stands much superior to any other form of government in promoting dignity and freedom of the individual. Every individual wants to receive respect from fellow beings. Often conflicts arise among individuals because some feel that they are not treated with due respect. The passion for respect and freedom are the basis of democracy. Democracies throughout the world have recognised this, at least in principle. This has been achieved in various degrees in various democracies. For societies which have been built for long on the basis of subordination and domination, it is not a simple matter to recognise that all individuals are equal.

www.prepp.in

Prepp
Your Personal Exams Guide

Take the case of dignity of women. Most societies across the world were historically male dominated societies. Long struggles by women have created some sensitivity today that respect to and equal treatment of women are necessary ingredients of a democratic society. That does not mean that women are actually always treated with respect. But once the principle is recognised, it becomes easier for women to wage a struggle against what is now unacceptable legally and morally.

**Q6. (a) ਹੇਠ ਲਿਖੇ ਸ਼ਬਦ-ਜੋੜ ਸ਼ੁੱਧ ਕਰ ਕੇ ਲਿਖੋ :** *1×10=10*

(i) ਉਨੱਤਿ *1*

(ii) ਜੰਤ੍ਰ-ਮੰਤ੍ਰ *1*

(iii) ਬਾਜਾਰ *1*

(iv) ਸੌਗਾਤ *1*

(v) ਬੱਕਰਿਆਂ *1*

(vi) ਦੁਧਾਰੁ *1*

(vii) ਵਣਿਜ *1*

(viii) ਸੈਹਰ *1*

(ix) ਕੌੜਾ-ਮੀਠਾ *1*

(x) ਖੰਗ *1*

www.prepp.in

Prepp
Your Personal Exams Guide

(b) ਹੇਠ ਲਿਖੇ ਮੁਹਾਵਰਿਆਂ-ਅਖਾਣਾਂ ਦੇ ਅਰਥ ਦੱਸ ਕੇ ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : *2×5=10*

(i) ਪੱਗੋ-ਹੱਥੀ ਹੋਣਾ *2*

(ii) ਪਾਣੀ-ਪਾਣੀ ਹੋਣਾ *2*

(iii) ਜੜ੍ਹੀਂ ਤੇਲ ਹੋਣਾ *2*

(iv) ਇਕ ਕਰੇਲਾ, ਦੂਜਾ ਨਿੰਮ ਚੜ੍ਹਿਆ *2*

(v) ਦੀਵੇ ਥੱਲੇ ਹਨੇਰਾ *2*

(c) ਹੇਠ ਲਿਖੇ ਅਗੇਤਰ-ਪਿਛੇਤਰ ਲਾ ਕੇ ਸ਼ਬਦ ਬਣਾਓ : *1×10=10*

(i) ਨਿਰ *1*

(ii) ਬੇ *1*

(iii) ਸ *1*

(iv) ਵਾਲਾ *1*

(v) ਅਣ *1*

(vi) ਸਵੈ *1*

(vii) ਕਰਨ *1*

(viii) ਦੁਰ *1*

(ix) ਬਦ *1*

(x) ਉਪ *1*

www.prepp.in

Prepp
Your Personal Exams Guide

**(d) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਦੀ ਵਰਤੋਂ ਕਰੋ :** *1×10=10*

(i) ਜਿਹੜਾ ਰਸਾਲਾ ਦੋ ਮਹੀਨੇ ਬਾਅਦ ਛਪਦਾ ਹੋਵੇ । *1*

(ii) ਸਾਲ ਬਾਅਦ ਆਉਣ ਵਾਲਾ ਮਰਗ ਦਾ ਦਿਨ । *1*

(iii) ਜਿਸ ਨੂੰ ਹਰ ਚੀਜ ਦਾ ਗਿਆਨ ਹੋਵੇ । *1*

(iv) ਜਦ ਸਾਰਿਆਂ ਦੀ ਇਕ ਰਾਇ ਹੋਵੇ । *1*

(v) ਵਿਹਲੀਆਂ ਖਾਣ ਵਾਲਾ । *1*

(vi) ਉਹ ਜਮੀਨ ਜਿਹੜੀ ਉਪਜਾਊ ਨਾ ਹੋਵੇ । *1*

(vii) ਉਹ ਥਾਂ ਜਿੱਥੇ ਸਿੱਕੇ ਬਣਦੇ ਹੋਣ । *1*

(viii) ਜਿਹੜੀ ਜਮੀਨ ਵਾਹੀ ਅਧੀਨ ਹੋਵੇ । *1*

(ix) ਪਿੰਡ ਦੇ ਲੋਕਾਂ ਦਾ ਪੰਚਾਇਤੀ ਇਕੱਠ । *1*

(x) ਨਗਰ ਵਿਚ ਢੰਡੋਰਾ ਦੇਣ ਵਾਲਾ ਵਿਅਕਤੀ । *1*